unitedsikhs-asia@unitedsikhs.org
Tel: 0091 (0) 95 606 45010
unitedsikhs-aus@unitedsikhs.org
Tel: +61 3 9005 1894
unitedsikhs-uk@unitedsikhs.org
Tel: (0044) (0) 870 1993328
unitedsikhs- ireland@unitedsikhs.org
Tel: +353 (0) 85 729 4425
unitedsikhs-france@unitedsikhs.org
Tel: 00 336 16 17 62 05
unitedsikhs- belgium@unitedsikhs.org
Tel: (0032) 485 825 492
unitedsikhs-usa@unitedsikhs.org
Tel: 1-888-243-1690
unitedsikhs-canada@unitedsikhs.org
Tel: 1-905-672-2245
unitedsikhs-my@unitedsikhs.org
Tel: +6 012-2155966
unitedsikhs-kenya@unitedsikhs.org
Tel: +254 720 402727

www.unitedsikhs.org
contact@unitedsikhs.org

UNITED SIKHS

*Recognise the Human Race as One*

*To transform underprivileged and minority communities and individuals into informed and vibrant members of society through civic, educational and personal development programmes.*

# ਇਸ ਵਾਰ ਅਫ਼ਰੀਕਾ ਦੇ ਲਈ

**ਮੁੱਖ ਝਲਕੀਆਂ**

- ਯੂਨਾਈਟਡ ਸਿੱਖਸ ਦੇ ਨਿਰਦੇਸ਼ਕ, ਅੰਤਰਾਸ਼ਟਰੀ ਭਾਈਚਾਰੇ ਤੋਂ ਮਿਲਣ ਵਾਲੀ ਸਹਾਇਤਾ ਦੀ ਆਸ ਕਰਨ ਵਾਲੇ ਖੇਤਰਾਂ ਲਈ ਮਾਨਵੀ ਸਹਾਇਤਾ ਨੂੰ ਵਧਾਉਣ ਲਈ ਸਮਾਨ ਸਹਾਇਤਾ ਆਦਿ ਦਾ ਮੁਲਾਂਕਣ ਕਰਨ ਦੇ ਲਈ ਯੂ ਐਸ ਏ ਤੋਂ ਗਏ ਹਨ।

- ਜਿਸ ਤਰਾਂ ਯੂਨਾਈਟਡ ਨੇਸ਼ਨਜ਼ ਨੇ ਪਛਾਣ ਕੀਤੀ ਹੈ, ਕੀਨੀਆ ਵਿਚਲੇ ਚਿੰਤਾ ਵਾਲੇ ਮੁੱਖ ਮੁੱਦਿਆਂ ਉਤੇ ਯੂਨਾਈਟਡ ਸਿੱਖਸ ਦੀ ਕੀਨੀਆ ਦੀ ਨਿਰਦੇਸ਼ਕ ਜਸਵਿੰਦਰ ਕੌਰ ਬੀਨਾਵਰਾ, ਆਪਣੇ ਨਾਲ ਦੇ ਦੇਸ਼ਵਾਸੀਆਂ ਦੇ ਜੀਵਨ ਵਿਚ ਸੁਧਾਰ ਲਈ ਕੰਮ ਕਰ ਰਹੀ ਹੈ।

***ਨੈਰੋਬੀ ਕੀਨੀਆ:*** ਜਸਵਿੰਦਰ ਕੌਰ ਬੀਨਾਵਰਾ ਅਫ਼ਰੀਕਾ, ਇਕ ਅਜਿਹਾ ਮਹਾਂਦੀਪ ਜਿਸ ਵਿਚ 65,000 ਤੋਂ ਜ਼ਿਆਦਾ ਸਿੱਖ ਰਹਿੰਦੇ ਹਨ, ਦੇ ਵਿਚ ਸਿੱਖ ਰੋਸ਼ਨੀ ਦੀ ਚਿਰਾਗ ਹੈ। ਉਹ ਕੀਨੀਆ ਦੇ ਯੂਨਾਈਟਡ ਸਿੱਖਸ ਦੀ ਨਿਰਦੇਸ਼ਕ ਹੈ, ਉਸਨੂੰ ਉਸਦੀਆਂ ਦੇਸ਼ ਪ੍ਰਤੀ ਵਿਲੱਖਣ ਸੇਵਾਵਾਂ ਦੇ ਲਈ 12 ਦਸੰਬਰ 2007 ਦੇ ਵਿਚ ਗ੍ਰੈਂਡ ਵਾਰੀਅਰ ਆਫ਼ ਕੀਨੀਆ ਦਾ ਪੁਰਸਕਾਰ ਦਿੱਤਾ ਗਿਆ ਸੀ। ਉਹ ਕੀਨੀਆ ਦੇ ਵਿਚ ਨੈਸ਼ਨਲ ਕਾਉਂਸਿਲ ਆਫ਼ ਚਿਲਡਰਨ ਸਰਵਿਸਜ਼ (ਹੋਰਾਂ ਦੇ ਨਾਲ ਯੂਨੀਸੈਫ਼, ਯੂ ਐਨ ਐਚ ਸੀ ਆਰ, ਯੂ ਐਸ ਏਡ ਨਾਲ ਭਾਗੀਦਾਰੀ ਕਰਦੀ ਹੈ) ਦੀ ਕਮਿਸ਼ਨਰ ਹੈ ਅਤੇ ਆਪਣਾ ਪੂਰਾ ਸਮਾਂ ਮਨੁੱਖੀ ਮੁੱਦਿਆਂ ਦੇ ਪ੍ਰੋਜੈਕਟਾਂ ਨੂੰ ਕਰਨ ਦੇ ਲਈ ਬਿਤਾਉਂਦੀ ਹੈ। ਉਸਦੀ ਅਗਵਾਈ ਦੇ ਹੇਠਾਂ ਯੂਨਾਈਟਡ ਸਿੱਖਸ ਦੇ ਕੀਨੀਆ ਵਿਚਲੇ ਪ੍ਰੋਜੈਕਟ ਜੋ ਕਿ ਭਾਈ ਕਨੱਈਆ ਜੀ ਵਾਲੀ ਭਾਵਨਾ ਦੇ ਨਾਲ ਚਲਾਏ ਜਾ ਰਹੇ ਹਨ, ਇਹ ਸ਼ਾਮਲ ਕਰਦੇ ਹਨ:

- 5000 ਪਰਿਵਾਰਾਂ/ਸਥਾਨਾਂ ਤੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਲਈ 3 ਬੋਰਵੈਲ (ਇਕ ਐਮਬਿਟਾ ਵਿਚ ਯੁਕਾਮਬਿਨੀ ਅਤੇ ਮਚਾਕੋਸ ਦੇ ਕੋਮਾਰੋਕ, ਹਰੇਕ ਦੇ ਵਿਚ ਇਕ। ਯੁਕਾਮਬਿਨੀ ਬੋਰਵੈਲ ਪ੍ਰੋਜੈਕਟ ਕੀਨੀਆ ਦੀ ਰਾਮਗੜ੍ਹੀਆ ਯੂਥ ਐਸੋਸੀਏਸ਼ਨ (ਆਰ ਵਾਈ ਏ) ਦੀ ਸਹਾਇਤਾ ਨਾਲ ਪੂਰਾ ਕੀਤਾ ਗਿਆ ਸੀ।
- ਕੀਨੀਆ ਦੀ ਸਰਕਾਰ ਨੇ ਯੂਨਾਈਟਡ ਸਿੱਖਸ ਨੂੰ ਕੀਨੀਆ ਦੀ ਨਿਆਨਜ਼ਾ ਪ੍ਰੋਵਿੰਸ ਵਿਖੇ ਰਸਿਨਗਾ ਵਿਚ ਹਸਪਤਾਲ ਬਣਾਉਣ ਦੇ ਲਈ 2.5 ਏਕੜ ਜ਼ਮੀਨ ਵੀ ਦਿੱਤੀ ਹੈ।
- 240 ਬੱਚਿਆਂ ਦੇ ਲਈ ਸੈਕੰਡਰੀ ਸਕੂਲ ਦੇ ਨਿਰਮਾਣ 2010 ਦੇ ਵਿਚ ਸ਼ੁਰੂ ਹੋਇਆ ਜਿਸਦੇ ਜੂਨ 2011 ਤੱਕ 50,000,000 ਕੀਨੀਆਈ ਸ਼ਿਲਿੰਗ (KES) ਦੇ ਨਾਲ (ਤਕਰੀਬਨ 620,000 USD) ਪੂਰਾ ਹੋਣ ਦੀ ਆਸ ਹੈ।
- 120 ਐਚ ਆਈ ਵੀ ਪਾਜ਼ੀਟਿਵ ਬੱਚਿਆਂ ਦੇ ਲਈ ਅਫ਼ਰੀਕਾ ਹੋਪ ਸੈਂਟਰ। ਸੈਂਟਰ ਦੇ 6 ਬੱਚਿਆਂ ਦੇ ਲਈ ਸਿੱਖਿਆ ਪੂਰੀ ਤਰ੍ਹਾਂ ਯੂਨਾਈਟਡ ਸਿੱਖਸ ਦੁਆਰਾ ਪ੍ਰਤੀ ਸਾਲ USD 3000 ਦੀ ਲਾਗਤ ਨਾਲ ਪ੍ਰਯੋਜਿਤ ਹੈ।

ਉਪਰੋਕਤ ਪ੍ਰੋਜੈਕਟ ਵਿਅਕਤੀਗਤ ਦਾਨੀਆਂ ਅਤੇ ਜਸਵਿੰਦਰ ਕੌਰ ਬੀਨਾਵਰਾ ਦੁਆਰਾ ਅਗਵਾਈ ਕੀਤੇ ਸਵੈਸੇਵੀਆਂ ਦੀ ਮਦਦ ਨਾਲ ਸੰਭਵ ਬਣਾਏ ਗਏ ਹਨ। ਇਸ ਦੇ ਨਾਲ ਹੀ ਉਸਨੇ 2000 ਵਿਅਕਤੀਆਂ ਦੀਆਂ ਅੱਖਾਂ ਦੀ ਸਰਜਰੀਆਂ ਵਿਚ ਸਹਾਇਤਾ ਸਮੇਤ ਸਿਹਤ ਸੰਭਾਲ ਦੇ ਪ੍ਰੋਜੈਕਟਾਂ ਦਾ ਸੰਯੋਜਨ ਵੀ ਕੀਤਾ ਹੈ।

ਇਸ ਸਮੇਂ ਕੀਤੇ ਜਾ ਰਹੇ ਕੰਮਾਂ ਨੂੰ ਇਕਜੁੱਟ ਕਰਨ ਅਤੇ ਅਫ਼ਰੀਕਾ ਦੇ ਕਈਂ ਹੋਰ ਦੇਸ਼ਾਂ, ਜਿੱਥੇ ਬਹੁਤ ਜ਼ਿਆਦਾ ਜ਼ਰੂਰਤ ਹੈ ਅਤੇ ਮਦਦ ਉਪਲੱਬਧ ਨਹੀਂ ਹੈ, ਵਿਚਲੇ ਜ਼ਰੂਰਤਮੰਦਾਂ ਦੇ ਜੀਵਨ ਵਿਚ ਸੁਧਾਰ ਕਰਨ ਲਈ ਯੂਨਾਈਟਡ ਸਿੱਖਸ ਦੇ ਨਿਰਦੇਸ਼ਕਾਂ ਦੀ ਇਕ ਸੀਨੀਅਰ ਟੀਮ ਯੂ ਐਸ ਏ ਤੋਂ ਅਫ਼ਰੀਕਾ ਦੀ ਯਾਤਰਾ ਕਰ ਰਹੀ ਹੈ। *ਗੁਰਵਿੰਦਰ ਸਿੰਘ, ਯੂਨਾਈਟਡ ਸਿੱਖਸ ਦੇ ਟੈਕਸਸ ਨਾਲ ਸੰਬੰਧਤ ਨਿਰਦੇਸ਼ਕ ਕਹਿੰਦੇ ਹਨ:* "ਅਸੀਂ ਆਪਣੇ ਸਮਰਥਕਾਂ ਦੇ ਨਾਲ ਅਗਲੇ ਹਫ਼ਤੇ ਕੀਨੀਆ ਤੋਂ ਆਈਆਂ ਮੁਸਕੁਰਾਹਟਾਂ ਅਤੇ ਆਸ਼ੀਰਵਾਦਾਂ ਨੂੰ ਸਾਂਝਾ ਕਰਨ ਦੇ ਲਈ ਵਾਪਸ ਆਵਾਂਗੇ। ਇਹ ਸਾਡੇ ਹਮਾਇਤੀਆਂ ਅਤੇ ਸਿੱਖ ਸੰਗਤ ਦਾ ਭਰੋਸਾ ਜੋ ਸਾਨੂੰ ਦੁਨੀਆਂ ਦੇ ਲਈ, ਸਾਡੇ ਉੱਤੇ ਥਾਪੀ ਗਈ ਗਲਤੀ ਰਹਿਤ ਪਛਾਣ ਦੇ ਨਾਲ ਖੜ੍ਹਾ ਹੋਣ ਦੇ ਲਈ ਤਾਕਤ ਦਿੰਦਾ ਹੈ।"



ਐਮਬਿਟਾ, ਨਿਆਨਜ਼ਾ ਜ਼ਿਲ੍ਹਾ, ਕੀਨੀਆ ਦੇ ਵਿਚ ਬੋਰਵੈਲ



ਕੇਓਲ, ਕੀਨੀਆ ਦੇ ਵਿਚ ਚਿਕਿਤਸਕ ਕੈਂਪ



ਕੀਨੀਆ ਦੇ ਰਾਸ਼ਟਰਪਤੀ, ਮਵਈ ਕਿਬਾਕੀ ਦੇ ਨਾਲ



ਕੋਫ਼ੀ ਅਨਾਨ ਦੇ ਨਾਲ ਯੂਹੂਰੂ ਪਾਰਕ ਵਿਖੇ

***ਅਫ਼ਰੀਕਾ ਕਿਉਂ?*** ਪਾਣੀ ਦੀ ਕਮੀ, ਭੁੱਖਮਰੀ, ਬੱਚਿਆਂ ਦੀ ਭਲਾਈ ਅਤੇ ਅਫ਼ਰੀਕਾ ਵਿਚ ਸਿਹਤ ਸੰਭਾਲ ਦੇ ਮੁੱਦਿਆਂ ਦੇ ਅੰਕੜੇ ਆਪਣੀ ਕਹਾਣੀ ਆਪ ਦੱਸਦੇ ਹਨ:

- 8000 ਲੱਖ ਤੋਂ ਜ਼ਿਆਦਾ ਲੋਕ ਹਰ ਰੋਜ਼ ਭੁੱਖੇ ਸੌਂਦੇ ਹਨ, ਇਨ੍ਹਾਂ ਵਿਚੋਂ 3000 ਲੱਖ ਬੱਚੇ ਹਨ। (ਵਿਸ਼ਵ ਅੰਕੜੇ: UNAIDS)
- ਦੁਨੀਆਂ ਦੀ ਐਚ ਆਈ ਵੀ ਪਾਜ਼ੀਟਿਵ ਜਨਸੰਖਿਆ ਦਾ 65% (ਤਕਰੀਬਨ 2/3) ਸਬ-ਸਹਾਰਾ ਅਫ਼ਰੀਕਾ ਦੇ ਵਿਚ ਰਹਿੰਦੇ ਹਨ। ਔਰਤਾਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ। (ਸਰੋਤ: UNAIDS)
- ਸਬ-ਸਹਾਰਾ ਅਫ਼ਰੀਕਾ ਦੇ ਵਿਚ 14 ਸਾਲ ਤੋਂ ਘੱਟ ਉਮਰ ਦੇ 20 ਲੱਖ ਬੱਚੇ ਐਚ ਆਈ ਵੀ ਪਾਜ਼ੀਟਿਵ ਹਨ। (ਸਰੋਤ: Avert)
- ਕੇਵਲ 57% ਅਫ਼ਰੀਕੀ ਬੱਚੇ ਮੁੱਢਲੀ ਸਿੱਖਿਆ ਦੇ ਲਈ ਸੂਚੀਬੱਧ ਹਨ, ਅਤੇ ਉਨ੍ਹਾਂ ਵਿਚੋਂ ਤਿੰਨ ਬੱਚਿਆਂ ਵਿਚੋਂ ਇਕ ਸਕੂਲ ਦੀ ਪੜ੍ਹਾਈ ਪੂਰੀ ਨਹੀਂ ਕਰਦਾ ਹੈ। (ਅਫ਼ਰੀਕੀ ਯੂਨੀਅਨ: ਅਫ਼ਰੀਕਾ ਵਿਚ ਗਰੀਬੀ ਦੇ ਅੰਕੜੇ)
- ਸਬ-ਸਹਾਰਾ ਅਫ਼ਰੀਕਾ ਦੇ ਵਿਚ 43% ਬੱਚਿਆਂ ਕੋਲ ਸੁਰੱਖਿਅਤ, ਪਹੁੰਚਯੋਗ ਪੀਣ ਦਾ ਪਾਣੀ ਨਹੀਂ ਹੈ। (ਸਰੋਤ:ਯੂਨੀਸੈਫ)
- ਤਕਰੀਬਨ 120,000 ਅਫ਼ਰੀਕੀ ਬੱਚੇ ਹਥਿਆਰਬੰਦ ਟਕਰਾਵਾਂ ਦੇ ਵਿਚ ਭਾਗ ਲੈ ਰਹੇ ਹਨ। ਕੁਝ 7 ਸਾਲਾਂ ਦੀ ਉਮਰ ਦੇ ਹਨ (ਸਰੋਤ:

ਯੂਨਾਈਟਿਡ ਨੇਸ਼ਨਜ਼)

- ਈਮੋਰੀ ਯੂਨੀਵਰਸਿਟੀ (ਯੂ ਐਸ ਏ) ਅਤੇ ਸਵੈਸ਼+ ਪ੍ਰੋਜੈਕਟ ਦੇ ਅਧੀਨ ਕੀਤੀ ਗਈ ਕਿਸੋਮੂ ਦੀ ਗ੍ਰੇਟ ਲੇਕਸ ਯੂਨੀਵਰਸਿਟੀ ਦੁਆਰਾ ਕੀਤੀ ਗਈ ਖੋਜ ਦੀਆਂ ਲੱਭਤਾਂ ਦਰਸਾਉਂਦੀਆਂ ਹਨ ਕਿ 78 ਪ੍ਰਤੀਸ਼ਤ ਭਾਈਚਾਰਿਆਂ ਦੇ ਕੋਲ ਪੀਣ ਦੇ ਸੁਰੱਖਿਅਤ ਪਾਣੀ ਅਤੇ ਮੁੱਢਲੀਆਂ ਸੈਨੀਟੇਸ਼ਨ ਦੀਆਂ ਸਹੂਲਤਾਂ ਤੱਕ ਪਹੁੰਚ ਨਹੀਂ ਹੈ।

**ਜਾਰੀਕਰਤਾ:**
ਕੰਵਲਜੀਤ ਕੌਰ
ਪ੍ਰੋਗ੍ਰਾਮ ਸੰਯੋਜਕ
1-888-243-1690
kanwaljit.kaur@unitedsikhs.org | contact@unitedsikhs.org

Pro bono <a href="http://www.rosettatranslation.com/">translation services</a> provided by Rosetta Translation

ਮੁਫਤ ਤਰਜਮਾ ROSETTA TRANSLATION ਵੱਲੋਂ

ਮੁਫਤ ਤਰਜਮਾ ROSETTA TRANSLATION ਵੱਲੋਂ